Social Security Scotland
Tèarainteachd Shòisealta Alba

ਦੇਖਭਾਲਕਰਤਾ ਸਹਾਇਤਾ ਭੁਗਤਾਨ (ਕੇਅਰਰ ਸਪੋਰਟ ਪੇਮੈਂਟ)

ਦੇਖਭਾਲਕਰਤਾ ਸਹਾਇਤਾ ਭੁਗਤਾਨ ਕੀ ਹੈ?

ਦੇਖਭਾਲਕਰਤਾ ਸਹਾਇਤਾ ਭੁਗਤਾਨ ਉਨ੍ਹਾਂ ਲੋਕਾਂ ਲਈ ਪੈਸਾ ਹੈ ਜੋ ਕਿਸੇ ਅਪਾਹਜ ਵਿਅਕਤੀ ਦੀ ਦੇਖਭਾਲ ਕਰਦੇ ਹਨ ਜਾਂ ਜਿਸ ਨੂੰ ਲੰਬੇ ਸਮੇਂ ਦੀ ਸਿਹਤ ਸਮੱਸਿਆ ਹੈ।

ਕੌਣ ਅਰਜ਼ੀ ਦੇ ਸਕਦਾ ਹੈ?

ਯੋਗ ਹੋਣ ਲਈ, ਇੱਕ ਦੇਖਭਾਲਕਰਤਾ ਨੂੰ ਲਾਜ਼ਮੀ ਤੌਰ 'ਤੇ

- 16 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹੋਣਾ ਚਾਹੀਦਾ ਹੈ
- ਕਿਸੇ ਵੀ ਉਮਰ ਦੇ ਕਿਸੇ ਅਜਿਹੇ ਵਿਅਕਤੀ ਨੂੰ ਹਫ਼ਤੇ ਵਿੱਚ 35 ਘੰਟੇ ਜਾਂ ਇਸ ਤੋਂ ਵੱਧ ਸਮਾਂ ਬਿਨਾਂ ਭੁਗਤਾਨ ਕੀਤੇ ਦੇਖਭਾਲ ਪ੍ਰਦਾਨ ਕਰਨੀ ਚਾਹੀਦੀ ਹੈ ਜਿਸ ਨੂੰ ਕੁਝ ਅਪਾਹਜਤਾ ਬੈਨੀਫਿਟ ਮਿਲ ਰਹੇ ਹਨ
- ਕੁਝ ਕਟੌਤੀਆਂ ਤੋਂ ਬਾਅਦ ਪ੍ਰਤੀ ਹਫ਼ਤੇ ਔਸਤਨ £204 ਜਾਂ ਘੱਟ ਕਮਾਉਂਦਾ ਹੋਣਾ ਚਾਹੀਦਾ ਹੈ

ਦੇਖਭਾਲਕਰਤਾ ਸਹਾਇਤਾ ਭੁਗਤਾਨ ਕਿੰਨਾ ਹੈ ਅਤੇ ਇਸ ਦਾ ਭੁਗਤਾਨ ਕਦੋਂ ਕੀਤਾ ਜਾਵੇਗਾ?

ਦੇਖਭਾਲਕਰਤਾ ਸਹਾਇਤਾ ਭੁਗਤਾਨ ਪ੍ਰਤੀ ਹਫ਼ਤੇ £86.45 ਜਾਂ ਹਰ 4 ਹਫ਼ਤਿਆਂ ਵਿੱਚ £345.80 ਹੁੰਦਾ ਹੈ। ਦੇਖਭਾਲਕਰਤਾ ਸਹਾਇਤਾ ਭੁਗਤਾਨ ਪ੍ਰਾਪਤ ਕਰਨ ਵਾਲੇ ਦੇਖਭਾਲਕਰਤਾਵਾਂ ਨੂੰ ਖੁਦ-ਬ-ਖੁਦ ਸਕੌਟਿਸ਼ ਕੇਅਰਰ ਸਪਲੀਮੈਂਟ ਪ੍ਰਾਪਤ ਹੋਵੇਗਾ। ਇਸ ਦਾ ਭੁਗਤਾਨ ਵੀ ਦੇਖਭਾਲਕਰਤਾ ਸਹਾਇਤਾ ਭੁਗਤਾਨ ਦੇ ਸਮੇਂ ਕੀਤਾ ਜਾਂਦਾ ਹੈ ਜੋ ਪ੍ਰਤੀ ਹਫ਼ਤੇ £11.70 ਜਾਂ ਹਰ 4 ਹਫ਼ਤਿਆਂ ਵਿੱਚ £46.80 ਦੀ ਦਰ ਅਨੁਸਾਰ ਕੀਤਾ ਜਾਂਦਾ ਹੈ।

ਜੇਕਰ ਮੈਂ ਕੰਮ ਕਰ ਰਿਹਾ/ਰਹੀ ਹਾਂ ਤਾਂ ਕੀ ਮੈਨੂੰ ਦੇਖਭਾਲਕਰਤਾ ਸਹਾਇਤਾ ਭੁਗਤਾਨ ਮਿਲ ਸਕਦਾ ਹੈ?

ਜਿਹੜੇ ਦੇਖਭਾਲਕਰਤਾ ਆਪਣੀ ਦੇਖਭਾਲ ਭੂਮਿਕਾ ਦੇ ਨਾਲ-ਨਾਲ ਵੇਤਨੀ ਕੰਮ ਵੀ ਕਰਦੇ ਹਨ, ਤਾਂ ਉਹ ਉਸ ਸੂਰਤ ਵਿੱਚ ਯੋਗ ਹੋ ਸਕਦੇ ਹਨ ਜੇਕਰ ਉਨ੍ਹਾਂ ਦੀ ਕੰਮ ਤੋਂ ਮਿਲਣ ਵਾਲੀ 'ਤਨਖਾਹ ਕਟੌਤੀਆਂ ਤੋਂ ਬਾਅਦ' ਪ੍ਰਤੀ ਹਫ਼ਤਾ £204 ਜਾਂ ਇਸ ਤੋਂ ਘੱਟ ਹੁੰਦੀ ਹੈ।

'ਕਟੌਤੀਆਂ ਤੋਂ ਬਾਅਦ ਮਿਲਣ ਵਾਲੀ ਤਨਖਾਹ' ਆਮਦਨ ਟੈਕਸ, ਨੈਸ਼ਨਲ ਇੰਸ਼ੋਰੈਂਸ, ਅਤੇ ਕੁਝ ਖ਼ਰਚਿਆਂ ਤੋਂ ਬਾਅਦ ਮਿਲਣ ਵਾਲੀ ਤਨਖਾਹ ਹੈ, ਜਿਸ ਵਿੱਚ ਕੁਝ ਦੇਖਭਾਲ ਖ਼ਰਚੇ ਅਤੇ ਪੈਨਸ਼ਨ ਯੋਗਦਾਨ ਸ਼ਾਮਲ ਹਨ। ਜੇਕਰ ਕਿਸੇ ਦੇਖਭਾਲਕਰਤਾ ਦੀ 'ਕਟੌਤੀਆਂ ਤੋਂ ਬਾਅਦ ਮਿਲਣ ਵਾਲੀ ਤਨਖਾਹ' ਕਈ ਵਾਰ £204 ਤੋਂ ਵੱਧ ਅਤੇ ਕਈ ਵਾਰ ਘੱਟ ਹੁੰਦੀ ਹੈ, ਤਾਂ ਸੋਸ਼ਲ ਸਿਕਿਊਰਿਟੀ ਸਕੌਟਲੈਂਡ ਇਹ ਹਿਸਾਬ ਲਗਾ ਸਕਦਾ ਹੈ ਕਿ ਉਨ੍ਹਾਂ ਦੀ ਕਟੌਤੀਆਂ ਤੋਂ ਬਾਅਦ ਮਿਲਣ ਵਾਲੀ ਔਸਤ ਤਨਖਾਹ ਕਿੰਨੀ ਹੈ।

ਕੀ ਕੋਈ ਵਿਅਕਤੀ ਉਸ ਸੂਰਤ ਵਿੱਚ ਦੇਖਭਾਲਕਰਤਾ ਸਹਾਇਤਾ ਭੁਗਤਾਨ ਪ੍ਰਾਪਤ ਕਰ ਸਕਦਾ ਹੈ ਜੇਕਰ ਉਨ੍ਹਾਂ ਨੂੰ ਹੋਰ ਬੈਨੀਫਿਟ ਮਿਲਦੇ ਹਨ?

ਲੋਕ ਦੂਜੇ ਬੈਨੀਫਿਟਾਂ ਦੇ ਨਾਲ-ਨਾਲ ਦੇਖਭਾਲਕਰਤਾ ਸਹਾਇਤਾ ਭੁਗਤਾਨ ਵੀ ਪ੍ਰਾਪਤ ਕਰ ਸਕਦੇ ਹਨ। ਜੇਕਰ ਉਨ੍ਹਾਂ ਨੂੰ ਯੂਨੀਵਰਸਲ ਕ੍ਰੈਡਿਟ ਵਰਗੇ 'ਆਮਦਨ-ਬੱਚਤ ਅਧਾਰਤ' ਬੈਨੀਫਿਟ ਮਿਲਦੇ ਹਨ, ਤਾਂ ਦੇਖਭਾਲਕਰਤਾ ਸਹਾਇਤਾ ਭੁਗਤਾਨ ਉਨ੍ਹਾਂ ਨੂੰ ਮਿਲਣ ਵਾਲੀ ਰਕਮ ਨੂੰ ਪ੍ਰਭਾਵਿਤ ਕਰ ਸਕਦਾ ਹੈ। ਉਹ ਆਮ ਤੌਰ 'ਤੇ ਸਮੁੱਚੇ ਰੂਪ ਵਿੱਚ ਬਿਹਤਰ ਸਥਿਤੀ ਵਿੱਚ ਹੋਣਗੇ ਕਿਉਂਕਿ ਉਨ੍ਹਾਂ ਨੂੰ ਦੇਖਭਾਲਕਰਤਾ ਹੋਣ ਲਈ ਇਨ੍ਹਾਂ ਬੈਨੀਫਿਟਾਂ ਵਿੱਚ ਵਾਧੂ ਰਕਮ ਮਿਲ ਸਕਦੀ ਹੈ।

ਜੇਕਰ ਕਿਸੇ ਦੇਖਭਾਲਕਰਤਾ ਨੂੰ 'ਆਮਦਨ ਬਦਲੀ (ਇਨਕਮ ਰਿਪਲੇਸਮੈਂਟ)' ਬੈਨੀਫਿਟ ਜਿਵੇਂ ਕਿ ਸਟੇਟ ਪੈਨਸ਼ਨ ਜਾਂ 'ਨਵੀਂ ਕਿਸਮ' ਦਾ ਰੁਜ਼ਗਾਰ ਅਤੇ ਸਹਾਇਤਾ ਭੱਤਾ ਮਿਲਦਾ ਹੈ, ਤਾਂ ਇਹ ਉਨ੍ਹਾਂ ਨੂੰ ਦੇਖਭਾਲਕਰਤਾ ਸਹਾਇਤਾ ਭੁਗਤਾਨ ਲਈ ਮਿਲਣ ਵਾਲੀ ਰਾਸ਼ੀ 'ਤੇ ਅਸਰ ਪਾ ਸਕਦਾ ਹੈ।

ਜੇਕਰ ਉਨ੍ਹਾਂ ਦਾ ਬੈਨੀਫਿਟ ਦੇਖਭਾਲਕਰਤਾ ਸਹਾਇਤਾ ਭੁਗਤਾਨ ਦੇ ਬਰਾਬਰ ਜਾਂ ਇਸ ਤੋਂ ਵੱਧ ਹੈ, ਤਾਂ ਉਨ੍ਹਾਂ ਕੋਲ 'ਅੰਡਰਲਾਈਂਗ ਇੰਟਾਇਟਲਮੈਂਟ' ਹੋ ਸਕਦੀ ਹੈ। ਇਸ ਦਾ ਅਰਥ ਹੈ ਕਿ ਉਨ੍ਹਾਂ ਨੂੰ ਦੇਖਭਾਲਕਰਤਾ ਸਹਾਇਤਾ ਭੁਗਤਾਨ ਵਿੱਚ ਕੋਈ ਪੈਸਾ ਨਹੀਂ ਮਿਲੇਗਾ, ਪਰ ਉਨ੍ਹਾਂ ਨੂੰ ਵਾਧੂ ਬੈਨੀਫਿਟ ਮਿਲ ਸਕਦੇ ਹਨ ਜਾਂ ਮੌਜੂਦਾ ਬੈਨੀਫਿਟਾਂ ਵਿੱਚ ਵਾਧਾ ਹੋ ਸਕਦਾ ਹੈ, ਜਿਸ ਵਿੱਚ ਪੈਨਸ਼ਨ ਕ੍ਰੈਡਿਟ ਵੀ ਸ਼ਾਮਲ ਹੈ।

ਕੀ ਦੇਖਭਾਲਕਰਤਾ ਸਹਾਇਤਾ ਭੁਗਤਾਨ ਮਿਲਣ ਨਾਲ ਦੇਖਭਾਲ ਕਰਵਾਉਣ ਵਾਲੇ ਵਿਅਕਤੀ ਦੇ ਬੈਨੀਫਿਟਾਂ ਉੱਤੇ ਅਸਰ ਪੈਂਦਾ ਹੈ?

ਦੇਖਭਾਲ ਕਰਵਾਉਣ ਵਾਲੇ ਵਿਅਕਤੀ ਦੇ ਅਪਾਹਜਤਾ ਬੈਨੀਫਿਟ (ਜਿਸ ਵਿੱਚ ਬਾਲ ਅਪਾਹਜਤਾ ਭੁਗਤਾਨ, ਬਾਲਗ ਅਪਾਹਜਤਾ ਭੁਗਤਾਨ, ਪੈਨਸ਼ਨ ਦੀ ਉਮਰ ਸਬੰਧੀ ਅਪਾਹਜਤਾ ਭੁਗਤਾਨ, ਸਕੌਟਿਸ਼ ਬਾਲਗ ਅਪਾਹਜਤਾ ਜੀਵਨ ਭੱਤਾ, ਹਾਜ਼ਰੀ ਭੱਤਾ ਅਤੇ ਅਪਾਹਜਤਾ ਜੀਵਨ ਭੱਤਾ ਸ਼ਾਮਲ ਹੈ) ਪ੍ਰਭਾਵਿਤ ਨਹੀਂ ਹੋਣੇ ਚਾਹੀਦੇ ਕਿਉਂਕਿ ਉਨ੍ਹਾਂ ਦੇ ਦੇਖਭਾਲਕਰਤਾ ਨੂੰ ਦੇਖਭਾਲਕਰਤਾ ਸਹਾਇਤਾ ਭੁਗਤਾਨ ਮਿਲਦਾ ਹੈ।

ਜੇਕਰ ਦੇਖਭਾਲ ਕਰਵਾਉਣ ਵਾਲੇ ਵਿਅਕਤੀ ਨੂੰ ਗੰਭੀਰ ਅਪਾਹਜਤਾ ਸਬੰਧੀ ਪ੍ਰੀਮਿਅਮ ਮਿਲਦਾ ਹੈ – ਜੋ ਕੁਝ ਆਮਦਨ-ਬੱਚਤ ਅਧਾਰਤ ਬੈਨੀਫਿਟਾਂ ਵਿੱਚ ਸ਼ਾਮਲ ਕੁਝ ਵਾਧੂ ਰਕਮ ਹੈ – ਤਾਂ ਉਸ ਸੂਰਤ ਵਿੱਚ ਇਹ ਬੰਦ ਹੋ ਸਕਦਾ ਹੈ ਜੇਕਰ ਦੇਖਭਾਲਕਰਤਾ ਨੂੰ ਦੇਖਭਾਲਕਰਤਾ ਸਹਾਇਤਾ ਭੁਗਤਾਨ ਮਿਲਦਾ ਹੈ। ਇਹ ਇਸ ਲਈ ਹੈ ਕਿਉਂਕਿ ਇੱਕ ਗੰਭੀਰ ਅਪਾਹਜਤਾ ਪ੍ਰੀਮੀਅਮ ਦੇਖਭਾਲ ਦੇ ਖ਼ਰਚ ਨੂੰ ਪੂਰਾ ਕਰਨ ਵਿੱਚ ਮਦਦ ਕਰਦਾ ਹੈ। ਗੰਭੀਰ ਅਪਾਹਜਤਾ ਪ੍ਰੀਮੀਅਮ ਦੇ ਨਿਯਮ ਗੁੰਝਲਦਾਰ ਹੋ ਸਕਦੇ ਹਨ, ਅਤੇ ਗੰਭੀਰ ਅਪਾਹਜਤਾ ਪ੍ਰੀਮੀਅਮ ਵਿੱਚ ਬਦਲਾਅ ਹੋਰ ਬੈਨੀਫਿਟਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ, ਇਸ ਲਈ ਅਸੀਂ ਹੋਰ ਸਲਾਹ ਲੈਣ ਦੀ ਸਿਫਾਰਸ਼ ਕਰਦੇ ਹਾਂ।

ਕੀ ਵਿਦਿਆਰਥੀਆਂ ਨੂੰ ਦੇਖਭਾਲਕਰਤਾ ਸਹਾਇਤਾ ਭੁਗਤਾਨ ਮਿਲ ਸਕਦਾ ਹੈ?

ਦੇਖਭਾਲਕਰਤਾ ਸਹਾਇਤਾ ਭੁਗਤਾਨ ਪੜ੍ਹਾਈ ਕਰਨ ਵਾਲੇ ਜ਼ਿਆਦਾ ਦੇਖਭਾਲਕਰਤਾਵਾਂ ਲਈ ਦੇਖਭਾਲਕਰਤਾ ਭੱਤੇ ਨਾਲੋਂ ਜ਼ਿਆਦਾ ਉਪਲਬਧ ਹੈ, ਜਿਸ ਦੀ ਇਸ ਨੇ ਥਾਂ ਲਈ ਹੈ। 16 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਦੇਖਭਾਲਕਰਤਾ ਜੇਕਰ ਪਾਰਟ-ਟਾਈਮ ਪੜ੍ਹਾਈ ਕਰ ਰਹੇ ਹਨ ਤਾਂ ਉਨ੍ਹਾਂ ਨੂੰ ਦੇਖਭਾਲਕਰਤਾ ਸਹਾਇਤਾ ਭੁਗਤਾਨ ਮਿਲ ਸਕਦਾ ਹੈ। 20 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕ ਜੋ ਪੂਰੇ ਸਮੇਂ ਦੀ ਪੜ੍ਹਾਈ ਕਰ ਰਹੇ ਹਨ, ਉਹ ਵੀ ਯੋਗ ਹਨ। ਪੂਰੇ ਸਮੇਂ ਲਈ ਪੜ੍ਹਾਈ ਕਰਨ ਵਾਲੇ 16 ਤੋਂ 19 ਸਾਲ ਦੀ ਉਮਰ ਦੇ ਦੇਖਭਾਲਕਰਤਾ ਯੋਗ ਹੋ ਸਕਦੇ ਹਨ, ਇਹ ਉਨ੍ਹਾਂ ਵੱਲੋਂ ਪੜ੍ਹੇ ਜਾ ਰਹੇ ਕੋਰਸ ਅਤੇ ਹਾਲਾਤਾਂ 'ਤੇ ਨਿਰਭਰ ਕਰਦਾ ਹੈ।

ਦੇਖਭਾਲਕਰਤਾ ਆਮ ਤੌਰ 'ਤੇ ਦੇਖਭਾਲਕਰਤਾ ਸਹਾਇਤਾ ਭੁਗਤਾਨ ਪ੍ਰਾਪਤ ਨਹੀਂ ਕਰ ਸਕਣਗੇ ਜੇਕਰ ਉਹ ਸੈਕੰਡਰੀ ਸਕੂਲ ਜਾਂ ਕਾਲਜ ਵਿੱਚ ਨੈਸ਼ਨਲਜ਼ ਜਾਂ ਹਾਇਰਜ਼ ਦੀ ਪੜ੍ਹਾਈ ਕਰ ਰਹੇ ਹਨ। ਉਹ ਯੋਗ ਹੋ ਸਕਦੇ ਹਨ ਜੇਕਰ ਉਹ ਪੂਰੇ ਸਮੇਂ ਦੀ ਸਿੱਖਿਆ ਦੌਰਾਨ ਯੂਨੀਵਰਸਲ ਕ੍ਰੈਡਿਟ ਵਰਗੇ ਹੋਰ ਬੈਨੀਫਿਟ ਪ੍ਰਾਪਤ ਕਰ ਸਕਦੇ ਹਨ।

ਜੇਕਰ ਦੇਖਭਾਲ ਕਰਵਾਉਣ ਵਾਲੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਦੇਖਭਾਲਕਰਤਾ ਸਹਾਇਤਾ ਭੁਗਤਾਨ ਕਿੰਨਾ ਸਮਾਂ ਜਾਰੀ ਰਹਿੰਦਾ ਹੈ?

ਜੇਕਰ ਇੱਕ ਵਿਅਕਤੀ ਦੀ 15 ਮਾਰਚ 2026 ਤੋਂ ਬਾਅਦ ਮੌਤ ਹੋ ਜਾਂਦੀ ਹੈ ਤਾਂ ਦੇਖਭਾਲਕਰਤਾ ਸਹਾਇਤਾ ਭੁਗਤਾਨ 12 ਹਫ਼ਤਿਆਂ ਲਈ ਜਾਰੀ ਰਹਿ ਸਕਦਾ ਹੈ। ਜੇਕਰ ਵਿਅਕਤੀ ਦੀ ਮੌਤ 15 ਮਾਰਚ 2026 ਤੋਂ ਪਹਿਲਾਂ ਹੋ ਜਾਂਦੀ ਹੈ, ਤਾਂ ਦੇਖਭਾਲਕਰਤਾ ਸਹਾਇਤਾ ਭੁਗਤਾਨ 8 ਹਫ਼ਤਿਆਂ ਲਈ ਜਾਰੀ ਰਹੇਗਾ।

ਵਾਧੂ ਵਿੱਤੀ ਸਹਾਇਤਾ

ਇੱਕ ਤੋਂ ਵੱਧ ਵਿਅਕਤੀਆਂ ਦੀ ਦੇਖਭਾਲ ਕਰਨ ਵਾਲੇ ਦੇਖਭਾਲਕਰਤਾ ਕੇਅਰਰ ਐਡੀਸ਼ਨਲ ਪਰਸਨ ਪੇਮੈਂਟ ਲਈ ਵੀ ਯੋਗਤਾ ਪੂਰੀ ਕਰ ਸਕਦੇ ਹਨ। ਜੇਕਰ ਦੇਖਭਾਲਕਰਤਾ ਇੱਕ ਤੋਂ ਵੱਧ ਵਿਅਕਤੀਆਂ ਦੀ ਦੇਖਭਾਲ ਕਰਦੇ ਹਨ ਤਾਂ ਉਨ੍ਹਾਂ ਨੂੰ ਆਪਣੀ ਦੇਖਭਾਲਕਰਤਾ ਸਹਾਇਤਾ ਭੁਗਤਾਨ ਅਰਜ਼ੀ ਵਿੱਚ ਸਾਨੂੰ ਇਸ ਬਾਰੇ ਦੱਸਣਾ ਚਾਹੀਦਾ ਹੈ। ਜੇਕਰ ਇੱਕ ਦੇਖਭਾਲਕਰਤਾ ਨੂੰ ਪਹਿਲਾਂ ਹੀ ਇੱਕ ਵਿਅਕਤੀ ਲਈ ਦੇਖਭਾਲਕਰਤਾ ਸਹਾਇਤਾ ਭੁਗਤਾਨ ਮਿਲਦਾ ਹੈ, ਤਾਂ ਉਹ ਹਾਲਾਤਾਂ ਵਿੱਚ ਤਬਦੀਲੀ ਦਰਜ ਕਰਕੇ ਆਪਣੇ ਅਵਾਰਡ ਵਿੱਚ ਹੋਰ ਲੋਕਾਂ ਨੂੰ ਸ਼ਾਮਲ ਕਰ ਸਕਦੇ ਹਨ।

ਲੋਕਾਂ ਨੂੰ ਕਿਵੇਂ ਅਰਜ਼ੀ ਦੇਣੀ ਚਾਹੀਦੀ ਹੈ?

ਲੋਕ **mygov.scot/carersupport** 'ਤੇ ਹੋਰ ਜਾਣਕਾਰੀ ਲੈ ਸਕਦੇ ਹਨ ਅਤੇ ਔਨਲਾਈਨ ਅਰਜ਼ੀ ਦੇ ਸਕਦੇ ਹਨ। ਲੋਕ ਵਿਅਕਤੀਗਤ ਤੌਰ 'ਤੇ ਆ ਕੇ ਜਾਂ ਫ਼ੋਨ 'ਤੇ ਵੀ ਅਰਜ਼ੀ ਦੇ ਸਕਦੇ ਹਨ, ਜਾਂ **0800 182 2222** 'ਤੇ ਮੁਫ਼ਤ ਕਾਲ ਕਰਕੇ ਡਾਕ ਰਾਹੀਂ ਕਾਗਜ਼ੀ ਦਰਖ਼ਾਸਤ ਫਾਰਮ ਮੰਗ ਸਕਦੇ ਹਨ।

ਸਕੌਟਲੈਂਡ ਦੀ ਹਰੇਕ ਲੋਕਲ ਅਥਾਰਟੀ ਵਿੱਚ ਸਾਡੇ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਗਾਹਕ ਸਲਾਹਕਾਰਾਂ ਤੋਂ ਅਰਜ਼ੀ ਦੇਣ ਲਈ ਸਹਾਇਤਾ ਉਪਲਬਧ ਹੈ। ਦੇਖਭਾਲਕਰਤਾ ਸਾਨੂੰ ਉਨ੍ਹਾਂ ਲਈ ਮੁਆਫ਼ਕ ਜਗ੍ਹਾ ਅਤੇ ਸਮੇਂ 'ਤੇ ਆਪਣੇ ਸਥਾਨਕ ਭਾਈਚਾਰੇ ਵਿੱਚ ਜਾਂ ਘਰ ਵਿੱਚ, ਵੀਡੀਓ ਕਾਲ ਰਾਹੀਂ ਜਾਂ ਟੈਲੀਫੋਨ ਰਾਹੀਂ, ਅਪੌਇੰਟਮੈਂਟ ਬੁੱਕ ਕਰਨ ਲਈ ਕਾਲ ਕਰ ਸਕਦੇ ਹਨ।

ਦੇਖਭਾਲਕਰਤਾਵਾਂ ਲਈ ਹੋਰ ਸਹਾਇਤਾ

ਦੇਖਭਾਲਕਰਤਾਵਾਂ ਲਈ ਮਦਦ ਵਾਸਤੇ ਹੋਰ ਜਾਣਕਾਰੀ ਲਈ **mygov.scot/help-for-carers** 'ਤੇ ਜਾਓ।

ਲੋਕ ਸਾਡੇ ਨਾਲ ਕਿਵੇਂ ਸੰਪਰਕ ਕਰ ਸਕਦੇ ਹਨ?

ਸਾਨੂੰ ਇੱਥੇ ਮੁਫ਼ਤ ਕਾਲ ਕਰੋ: 0800 182 2222

ਟੈਕਸਟ ਰਿਲੇਅ ਸਰਵਿਸ (Text Relay Service): 18001 +0300 244 4000 (ਉਨ੍ਹਾਂ ਲਈ ਜਿੰਨ੍ਹਾਂ ਨੂੰ ਸੁਣਨ ਵਿੱਚ ਮੁਸ਼ਕਿਲ ਹੁੰਦੀ ਹੈ)

ਰਿਟਿਸ਼ ਸਾਈਨ ਲੈਂਗੁਏਜ (British Sign Language) ਉਪਭੋਗਤਾ: contactscotland-bsl.org

ਵੈੱਬਚੈਟ (Webchat): chat.socialsecurity.gov.scot